**ਦਫਤਰ ਜਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ**

**Office of the District Magistrate, Gurdaspur**

Ph. 01874-247500

Email: E-Mail: dcofficegurdaspur@gmail.com

# <u>ਹੁਕਮ</u>

ਕੋਰੋਨਾ ਵਾਇਰਸ ਕਰਕੇ ਜਿਲਾ ਗੁਰਦਾਸਪੁਰ ਵਿਚੋਂ ਮਿਤੀ 31.5.2020 ਨੂੰ ਦੁਪਹਿਰ 2.00 ਵਜੇ 1600 ਦੇ ਕਰੀਬ ਮਜਦੂਰਾਂ ਨੂੰ ਲੈ ਕੇ ਸਪੈਸ਼ਲ ਟਰੇਨ ਗੁਰਦਾਸਪੁਰ ਤੋਂ ਛੱਤੀਸਗੜ ਜਾ ਰਹੀ ਹੈ। ਇਹਨਾਂ ਵਿਚੋਂ 814 ਮਜਦੂਰ ਜਿਲਾ ਗੁਰਦਾਸਪੁਰ ਵਿਚੋਂ ਵੱਖ-ਵੱਖ ਬਣਾਏ ਗਏ ਸੈਂਟਰ ਜਿਵੇਂ ਰਾਧਾ ਸੁਆਮੀ ਸਤਿਸੰਗ ਘਰ ਗੁਰਦਾਸਪੁਰ-1 (296), ਅਲੀਵਾਲ (206),ਨਵਾਂ ਪਿੰਡ (210) ਅਤੇ ਧਾਰੀਵਾਲ ਤੋਂ 102 ਤੋਂ ਇਲਾਵਾ ਬਾਕੀ 800 ਕੇ ਕਰੀਬ ਮਜਦੂਰ ਜਿਲਾ ਪਠਾਨਕੋਟ, ਹੁਸਿਆਰਪੁਰ ਅਤੇ ਅੰਮ੍ਰਿਤਸਰ ਵਿਚੋਂ ਜਾ ਰਹੇ ਹਨ। ਇਹਨਾਂ ਮਜਦੂਰਾਂ/ ਵਿਅਕਤੀਆਂ ਨੂੰ ਉਹਨਾਂ ਦੀ ਸਟੇਟ ਛੱਤੀਸਗੜ ਵਿਚ ਭੇਜਣ ਦੇ ਕੰਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਲਈ ਉਕਤ ਰਾਧਾ ਸੁਆਮੀ ਸਤਿਸੰਗ ਘਰਾਂ ਤੋਂ ਰੇਲਵੇ ਸਟੇਸ਼ਨ ਗੁਰਦਾਸਪੁਰ ਵਿਖੇ ਲਿਆਉਣ ਲਈ ਵੱਖ-ਵੱਖ ਵਿਭਾਗਾਂ ਦੀ ਡਿਊਟੀ ਹੇਠ ਅਨੁਸਾਰ ਤੁਰੰਤ ਲਗਾਈ ਜਾਂਦੀ ਹੈ। ਵਿਭਾਗ ਨੂੰ ਸੌਂਪੇ ਗਏ ਕੰਮਾਂ ਵਿਚ ਕੋਈ ਕੁਤਾਹੀ ਪਾਏ ਜਾਣ ਤੇ ਉਸ ਵਿਭਾਗ ਦੀ ਜਿਮੇਵਾਰੀ ਹੋਵੇਗੀ।

ਰਾਧਾ ਸੁਆਮੀ ਸਤਿਸੰਗ ਘਰ ਗੁਰਦਾਸਪੁਰ-1 ਅਤੇ ਧਾਰੀਵਾਲ ਵਿਖੇ ਇਸ ਕੰਮ ਨੂੰ ਸੁਚੱਜੇ ਢੰਗ ਨਾਲ ਕਰਨ ਲਈ ਸ੍ਰੀ ਨਰਿੰਦਰਪਾਲ ਸਿੰਘ ਕਾਰਜਕਾਰੀ ਇੰਜੀਨੀਅਰ ਪਬਲਿਕ ਹੈਲਥ ਗੁਰਦਾਸਪੁਰ ਨੋਡਲ ਅਫਸਰ ਹਨ ਅਤੇ ਉਪ ਮੰਡਲ ਮੈਜਿਸਟ੍ਰੇਟ ਗੁਰਦਾਸਪੁਰ ਉਵਰਆਲ ਇੰਚਾਰਜ ਹਨ। ਇਸੇ ਤਰਾਂ ਰਾਧਾ ਸੁਆਮੀ ਸਤਿਸੰਗ ਘਰ ਅਲੀਵਾਲ ਅਤੇ ਨਵਾਂ ਪਿੰਡ ਬਟਾਲਾ ਵਿਖੇ ਸ੍ਰੀ ਮੋਹਕਮ ਸਿੰਘ,ਕਾਰਜਕਾਰੀ ਇੰਜੀਨੀਅਰ,ਪੀ.ਐਸ.ਪੀ.ਸੀ.ਐਲ ਬਟਾਲਾ ਨੋਡਲ ਅਫਸਰ ਹਨ ਅਤੇ ਉਪ ਮੰਡਲ ਮੈਜਿਸਟ੍ਰੇਟ ਬਟਾਲਾ ਉਵਰਆਲ ਇੰਚਾਰਜ ਹਨ।ਇਹ ਨੋਡਲ ਅਫਸਰ ਉਵਰਆਲ ਇੰਚਾਰਜਾਂ ਨਾਲ ਤਾਲਮੇਲ ਕਰਕੇ ਇਸ ਸਬੰਧੀ ਸਮੁੱਚੀ ਕਾਰਵਾਈ ਕਰਨਗੇ। ਸਾਰੀਆਂ ਟੀਮਾਂ ਮਿਤੀ 31.5.2020 ਨੂੰ ਸਵੇਰੇ 9.00 ਵਜੇ ਤੱਕ ਸਾਰੇ ਪ੍ਰਬੰਧ ਮੁਕੰਮਲ ਕਰਨਗੀਆਂ:-

| ਲੜੀ ਨੰ: | ਵਿਭਾਗ ਦਾ ਨਾਮ | ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਵੇਰਵਾ |
|---|---|---|
| 1 | ਸੀਨੀਅਰ ਪੁਲਿਸ ਕਪਤਾਨ,ਗੁਰਦਾਸਪੁਰ ਅਤੇ ਬਟਾਲ। | ਡਿਸਪੈਚ ਸੈਂਟਰ ਰਾਧਾ ਸੁਆਮੀ ਸਤਿਸੰਗ ਘਰ ਗੁਰਦਾਸਪੁਰ-1,ਧਾਰੀਵਾਲ ,ਅਲੀਵਾਲ ਅਤੇ ਨਵਾਂ ਪਿੰਡ ਵਿਖੇ ਸਕਿਉਰਟੀ ਅਤੇ ਟਰੈਫਿਕ ਦਾ ਪ੍ਰਬੰਧ ਕਰਾਉਣਗੇ। ਜਾਣ ਵਾਲੀਆਂ ਬੱਸਾਂ ਨਾਲ ਅਸਕਾਟ ਦਾ ਪ੍ਰਬੰਧ ਕਰਕੇ ਰੇਲਵੇ ਸਟੇਸ਼ਨ ਗੁਰਦਾਸਪੁਰ ਵਿਖੇ ਪਹੁੰਚਾਉਣਗੇ। |
| 2 | ਉਪ ਮੰਡਲ ਮੈਜਿਸਟ੍ਰੇਟ ਗੁਰਦਾਸਪੁਰ। | ਡਿਸਪੈਚ ਸੈਂਟਰ ਰਾਧਾ ਸੁਆਮੀ ਸਤਿਸੰਗ ਘਰ ਗੁਰਦਾਸਪੁਰ-1 ਅਤੇ ਧਾਰੀਵਾਲ ਤੋਂ ਭੇਜੇ ਜਾਣ ਵਾਲੇ ਵਿਅਕਤੀਆਂ ਵਿਚ ਸੋਸਲ ਡਿਸਟੈਂਸ ਬਣਾਈ ਰੱਖਣ ਲਈ ਵੱਧ ਤੋਂ ਵੱਧ ਰੈਵੀਨਿਊ ਸਟਾਫ ਨੂੰ ਤਾਇਨਾਤ ਕਰਾਉਣਗੇ ਅਤੇ ਸਕੱਤਰ ਟਰਾਂਸਪੋਰਟ ਅਥਾਰਟੀ ਗੁਰਦਾਸਪੁਰ ਨਾਲ ਤਾਲਮੇਲ ਕਰਕੇ ਬੱਸਾਂ ਅਤੇ ਉਹਨਾਂ ਦੀ ਟਿਕਟਾਂ ਦਾ ਪ੍ਰਬੰਧ ਵੀ ਕਰਾਉਣਗੇ।ਹਰ ਇਕ ਬੱਸ ਵਿਚ 36 ਯਾਤਰੀ ਬਿਠਾਏ ਜਾਣਗੇ।ਹਰ ਇਕ ਬੱਸ ਵਿਚ ਇਕ -ਇਕ ਪਟਵਾਰੀ ਬਿਠਾਇਆ ਜਾਵੇਗਾ। ਜ਼ੋ ਬੱਸ ਵਿਚ ਸਾਮਲ ਯਾਤਰੀਆਂ ਦੇ ਨਾਵਾਂ ਦੀ ਲਿਸਟ ਤਿੰਨ ਪਰਤਾਂ ਵਿਚ ਨਿਰਧਾਰਤ ਪ੍ਰੋਫਾਰਮੇਂ ਵਿਚ ਨਾਲ ਲੈ ਕੇ ਰੇਲਵੇ ਸਟੇਸ਼ਨ,ਗੁਰਦਾਸਪੁਰ ਆਵੇਗਾ। ਸਟੇਸ਼ਨ ਤੇ ਤਾਇਨਾਤ ਸਬੰਧਤ ਕੋਚ ਦੇ ਪਟਵਾਰੀ ਨੂੰ ਦੇਵੇਗਾ ਅਤੇ ਯਾਤਰੀਆਂ ਨੂੰ ਸਬੰਧਤ ਕੋਚ ਵਿਚ ਬਿਠਾਏਗਾ।<br>1 ਇਸ ਡਿਸਪੈਚ ਸੈਂਟਰ ਵਿਚ ਘੱਟੋ-ਘੱਟ 5-5 ਕੰਮਪਿਊਟਰ ਸਮੇਤ ਪ੍ਰਿੰਟਰ ਦਾ ਪ੍ਰਬੰਧ ਕਰਨਗੇ । |
| 3 | 1 ਉਪ ਮੰਡਲ ਮੈਜਿਸਟ੍ਰੇਟ ਬਟਾਲਾ।<br>2 ਉਪ ਮੰਡਲ ਮੈਜਿਸਟ੍ਰੇਟ ਡੇਰਾ ਬਾਬਾ ਨਾਨਕ। | ਡਿਸਪੈਚ ਸੈਂਟਰ ਰਾਧਾ ਸੁਆਮੀ ਸਤਿਸੰਗ ਘਰ ਅਲੀਵਾਲ ਬਟਾਲਾ ਅਤੇ ਨਵਾਂ ਪਿੰਡ ਤੋਂ ਭੇਜੇ ਜਾਣ ਵਾਲੇ ਵਿਅਕਤੀਆਂ ਵਿਚ ਸੋਸਲ ਡਿਸਟੈਂਸ ਬਣਾਈ ਰੱਖਣ ਲਈ ਵੱਧ ਤੋਂ ਵੱਧ ਰੈਵੀਨਿਊ ਸਟਾਫ ਨੂੰ ਤਾਇਨਾਤ ਕਰਾਉਣਗੇ ਅਤੇ ਸਕੱਤਰ ਟਰਾਂਸਪੋਰਟ ਅਥਾਰਟੀ ਗੁਰਦਾਸਪੁਰ ਨਾਲ ਤਾਲਮੇਲ ਕਰਕੇ ਬੱਸਾਂ ਅਤੇ ਉਹਨਾਂ ਦੀ ਟਿਕਟਾਂ ਦਾ ਪ੍ਰਬੰਧ ਵੀ ਕਰਾਉਣਗੇ। ਹਰ ਇਕ ਬੱਸ ਵਿਚ 36 ਯਾਤਰੀ ਬਿਠਾਏ ਜਾਣਗੇ। ਹਰ ਇਕ ਬੱਸ ਵਿਚ ਇਕ-ਇਕ ਪਟਵਾਰੀ ਬਿਠਾਇਆ ਜਾਵੇਗਾ। ਜ਼ੋ ਬੱਸ ਵਿਚ ਸਾਮਲ ਯਾਤਰੀਆਂ ਦੇ ਨਾਵਾਂ ਦੀ ਲਿਸਟ ਤਿੰਨ ਪਰਤਾਂ ਵਿਚ ਨਿਰਧਾਰਤ ਪ੍ਰੋਫਾਰਮੇਂ ਵਿਚ ਨਾਲ ਲੈ ਕੇ ਰੇਲਵੇ ਸਟੇਸ਼ਨ,ਗੁਰਦਾਸਪੁਰ ਆਵੇਗਾ। ਸਟੇਸ਼ਨ ਤੇ ਤਾਇਨਾਤ ਸਬੰਧਤ ਕੋਚ ਦੇ ਪਟਵਾਰੀ ਨੂੰ ਦੇਵੇਗਾ ਅਤੇ ਯਾਤਰੀਆਂ ਨੂੰ ਸਬੰਧਤ ਕੋਚ ਵਿਚ ਬਿਠਾਏਗਾ।<br>1 ਇਸ ਡਿਸਪੈਚ ਸੈਂਟਰ ਵਿਚ ਘੱਟੋ-ਘੱਟ 5-5 ਕੰਮਪਿਊਟਰ ਸਮੇਤ ਪ੍ਰਿੰਟਰ ਦਾ ਪ੍ਰਬੰਧ ਕਰਨਗੇ ।<br>2 ਉਪ ਮੰਡਲ ਮੈਜਿਸਟ੍ਰੇਟ ਡੇਰਾ ਬਾਬਾ ਨਾਨਕ ਆਪਣੇ ਨਾਲ ਨਾਇਬ ਤਹਿਸੀਲਦਾਰ ਡੇਰਾ ਬਾਬਾ ਨਾਨਕ ਅਤੇ 15 ਪਟਵਾਰੀ ਲੈ ਕੇ ਆਉਣਗੇ। |
| | 1. ਨਾਇਬ ਤਹਿਸੀਲਦਾਰ ਕਲਾਨੌਰ<br>2. ਨਾਇਬ ਤਹਿਸੀਲਦਾਰ ਦੀਨਾਨਗਰ। | ਨਾਇਬ ਤਹਿਸੀਲਦਾਰ ਦੀਨਾਨਗਰ ਅਤੇ ਕਲਾਨੌਰ ਆਪਣੇ ਨਾਲ 12-12 ਪਟਵਾਰੀਆਂ ਨੂੰ ਨਾਲ ਲੈ ਕੇ ਸਵੇਰੇ 9.30 ਵਜੇ ਰੇਲਵੇ ਸਟੇਸ਼ਨ ਗੁਰਦਾਸਪੁਰ ਵਿਖੇ ਆਉਣਗੇ ਅਤੇ ਉਪਰੋਕਤ ਡਿਸਪੈਚ ਸੈਂਟਰਾਂ ਤੋਂ ਜਾਣ ਵਾਲੇ ਵਿਅਕਤੀਆਂ ਦੀਆਂ ਬੱਸਾਂ ਨੂੰ ਗੁਰਦਾਸਪੁਰ ਰੇਲਵੇ ਸਟੇਸ਼ਨ ਤੇ ਰਸੀਵ ਕਰਨਗੇ ਅਤੇ ਉਹਨਾਂ ਨੂੰ ਕੋਚਾਂ ਮੁਤਾਬਕ ਸਮੇਂ ਸਿਰ ਬਿਠਾਉਣ ਦੇ ਜਿਮੇਵਾਰ ਹੋਣਗੇ। |
| 5 | 1 ਕਾਰਜਕਾਰੀ ਇੰਜੀਨੀਅਰ,ਪੀ.ਡਬਲਯੂ.ਡੀ (ਬੀ.ਐਂਡ.ਆਰ) ਗੁਰਦਾਸਪੁਰ। | ਉਪਰੋਕਤ ਡਿਸਪੈਸ ਸੈਂਟਰਾਂ ਤੇ ਲਗਭਗ 800 ਵਿਅਕਤੀ ਇਕਠੇ ਹਨ, ਜਿਨਾਂ ਨੂੰ ਛੱਤੀਸਗੜ ਵਿਚ ਭੇਜਿਆ ਜਾਣਾ ਹੈ। ਇਸ ਲਈ ਇਹਨਾਂ ਡਿਸਪੈਚ ਸੈਂਟਰਾਂ ਤੇ Social distancing ਅਨੁਸਾਰ ਗੋਲ ਚੱਕਰ ਅਤੇ ਨੰਬਰਿੰਗ ਆਦਿ ਲਗਾਉਣਾ ਯਕੀਨੀ |

Scanned with CamScanner

| | | |
|---|---|---|
| | 2. ਕਾਰਜਕਾਰੀ ਇੰਜੀਨੀਅਰ ਪੀ.ਡਬਲਯੂ.ਡੀ (ਬੀ.ਐਂਡ.ਆਰ) ਬਟਾਲਾ | ਬਨਾਉਣਗੇ। ਹਰੇਕ ਵਿਅਕਤੀ ਵਿਚ ਡੇਢ ਮੀਟਰ ਦਾ ਫਾਸਲਾ ਵੀ ਰੱਖਿਆ ਜਾਵੇ। ਲੋੜ ਅਨੁਸਾਰ ਆਪਣੇ ਦਫਤਰ ਦਾ ਸਟਾਫ ਆਪਣੇ ਪੱਧਰ ਤੇ ਤਾਇਨਾਤ ਕਰਨਗੇ। |
| 6 | ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਗੁਰਦਾਸਪੁਰ। | ਉਪਰੋਕਤ ਡਿਸਪੈਚ ਸੈਂਟਰਾਂ ਤੇ ਹਰੇਕ ਵਿਅਕਤੀ ਲਈ 01 ਫੂਡ ਪੈਕਟ,(ਚਣੇ/ਗੁੜ),ਚਿਰਵੜੇ+ਬਿਸਕੁਟ ਅਤੇ 01 ਲੀਟਰ ਪੀਣ ਵਾਲਾ ਪਾਣੀ (ਬੋਤਲ) ਮੁਹੱਈਆ ਕਰਾਉਣਗੇ। |
| 7 | ਕਾਰਜਕਾਰੀ ਇੰਜੀਨੀਅਰ ਪਬਲਿਕ ਹੈਲਥ ਗੁਰਦਾਸਪੁਰ ਅਤੇ ਬਟਾਲਾ | ਇਹਨਾਂ ਡਿਸਪੈਚ ਸੈਂਟਰਾਂ ਤੇ ਸਾਫ-ਸੁਥਰੇ ਵਾਸ਼ਰੂਮਾਂ ਦਾ ਢੁਕਵੀਂ ਗਿਣਤੀ ਵਿਚ ਪ੍ਰਬੰਧ ਕਰਨਗੇ। |
| 8 | ਕਾਰਜ ਸਾਧਕ ਅਫਸਰ,ਨਗਰ ਕੌਂਸਲ ਗੁਰਦਾਸਪੁਰ ਅਤੇ ਕਮਿਸ਼ਨਰ ਨਗਰ ਨਿਗਮ ਬਟਾਲਾ। | ਇਹਨਾਂ ਡਿਸਪੈਚ ਸੈਂਟਰਾਂ ਤੇ ਸਾਫ-ਸਫਾਈ ਦਾ ਪੂਰਾ ਪ੍ਰਬੰਧ ਕਰਨਗੇ ਅਤੇ ਜਾਣ ਵਾਲੀਆਂ ਬੱਸਾਂ ਨੂੰ ਸੈਨੀਟਾਈਜ ਕਰਨਾ ਯਕੀਨੀ ਬਨਾਉਣਗੇ। |
| 9 | ਜਿਲਾ ਸਿੱਖਿਆ ਅਫਸਰ (ਸ) ਗੁਰਦਾਸਪੁਰ | ਉਪਰੋਕਤ ਦਰਸਾਏ 04 ਡਿਸਪੈਚ ਸੈਂਟਰਾਂ ਦੇ ਮਜਦੂਰਾਂ ਦੀ ਰਜਿਸਟ੍ਰੇਸ਼ਨ ਕਰਨ ਲਈ ਹੇਠ ਅਨੁਸਾਰ ਹਰੇਕ ਸੈਂਟਰ ਤੇ 1-1 ਟੀਮ ਨੂੰ ਤੈਨਾਤ ਕਰਨਾ ਯਕੀਨੀ ਬਨਾਉਣਗੇ:-<br>05 ਕੰਪਿਊਟਰ ਮਾਸਟਰ ਸਵੇਰੇ 6.00 ਵਜੇ ਤੋਂ 2.00 ਵਜੇ ਤੱਕ |
| 10 | 1. ਕਾਰਜਕਾਰੀ ਇੰਜੀਨੀਅਰ ਪਬਲਿਕ ਹੈਲਥ ਗੁਰਦਾਸਪੁਰ।<br>2. ਕਾਰਜਕਾਰੀ ਇੰਜੀਨੀਅਰ ਪੀ.ਐਸ.ਪੀ.ਸੀ.ਐਲ ਬਟਾਲਾ। | ਇਹਨਾਂ 04 ਡਿਸਪੈਚ ਸੈਂਟਰਾਂ ਤੇ ਮਜਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਮੈਡੀਕਲ ਅੱਜ ਹੀ ਭਾਵ ਮਿਤੀ 30.5.2020 ਨੂੰ ਕਰਾਉਣ ਦੇ ਪੂਰੀ ਤਰਾਂ ਜਿਮੇਵਾਰ ਹੋਣਗੇ। ਇਸ ਸਬੰਧੀ ਉਪ ਮੰਡਲ ਮੈਜਿਸਟ੍ਰੇਟ ਗੁਰਦਾਸਪੁਰ/ਬਟਾਲਾ ਅਤੇ ਜਿਲਾ ਸਿੱਖਿਆ ਅਫਸਰ (ਸ) ਦੀ ਸਹਾਇਤਾ ਵੀ ਪ੍ਰਾਪਤ ਕੀਤੀ ਜਾਵੇ। |
| 11 | ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ ਗੁਰਦਾਸਪੁਰ। | ਉਪ ਮੰਡਲ ਮੈਜਿਸਟ੍ਰੇਟ ਗੁਰਦਾਸਪੁਰ ਅਤੇ ਬਟਾਲਾ ਨਾਲ ਤਾਲਮੇਲ ਕਰਕੇ ਇਹਨਾਂ 04 ਡਿਸਪੈਚ ਸੈਂਟਰਾਂ ਲਈ ਲੋੜੀਂਦੀਆਂ ਬੱਸਾਂ ਮੁਹੱਈਆ ਕਰਾਉਣਾ ਯਕੀਨੀ ਬਨਾਉਣਗੇ। ਹਰੇਕ ਬੱਸ ਉਪਰ ਰੇਲ ਗੱਡੀ ਦਾ ਕੋਚ ਨੰਬਰ ਲਿਖਿਆ ਜਾਵੇ। |
| 12 | ਜਨਰਲ ਮੈਨੇਜਰ ਮਿਲਕ ਪਲਾਂਟ ਗੁਰਦਾਸਪੁਰ ਅਤੇ ਜਿਲਾ ਮੰਡੀ ਅਫਸਰ ਗੁਰਦਾਸਪੁਰ। | ਇਹਨਾਂ ਡਿਸਪੈਚ ਸੈਂਟਰਾਂ ਤੇ ਲੋੜ ਅਨੁਸਾਰ ਪਾਣੀ ਦੇ ਟੈਂਕਰਾਂ ਦਾ ਪ੍ਰਬੰਧ ਕਰਨਗੇ ਅਤੇ ਇਹਨਾਂ ਸਥਾਨਾਂ ਤੇ ਸਟਾਫ ਅਤੇ ਸੁਪਰਵਾਈਜਰ ਵੀ ਤਾਇਨਾਤ ਕਰਨਗੇ। |
| 13 | ਸਿਵਲ ਸਰਜਨ ਗੁਰਦਾਸਪੁਰ। | ਉਪਰੋਕਤ 04 ਡਿਸਪੈਚ ਸੈਂਟਰਾਂ ਤੋਂ ਜਾਣ ਵਾਲੇ ਲਗਭਗ 800 ਵਿਅਕਤੀਆਂ ਦਾ ਮੈਡੀਕਲ ਕਰਨ ਲਈ ਲੋੜ ਅਨੁਸਾਰ ਮੈਡੀਕਲ ਟੀਮਾਂ ਤਾਇਨਾਤ ਕਰਨਗੇ ਇਸ ਤੋਂ ਇਲਾਵਾ ਪੀਣ ਵਾਲੇ ਪਾਣੀ ਲਈ ਕਲੋਰੀਨੇਸ਼ਨ ਦਾ ਪ੍ਰਬੰਧ ਵੀ ਕਰਨਗੇ। ਇਸ ਸਬੰਧੀ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਨਾਲ ਅੱਜ ਹੀ ਤਾਲਮੇਲ ਕੀਤਾ ਜਾਵੇ। |
| 14 | ਜਿਲਾ ਲੋਕ ਸੰਪਰਕ ਅਫਸਰ ਗੁਰਦਾਸਪੁਰ ਅਤੇ ਬਟਾਲਾ। | ਉਪਰੋਕਤ ਡਿਸਪੈਚ ਸੈਂਟਰਾਂ ਤੇ ਪਬਲਿਕ ਐਡਰੈਸ ਸਿਸਟਮ ਦਾ ਪ੍ਰਬੰਧ ਕਰਨਗੇ ਅਤੇ ਮੌਕੇ ਤੇ ਖੁਦ ਹਾਜਰ ਰਹਿਣਗੇ। |
| 15 | 1. ਜਿਲਾ ਵਿਕਾਸ ਤੇ ਪੰਚਾਇਤ ਅਫਸਰ ਗੁਰਦਾਸਪੁਰ।<br>2. ਜਿਲਾ ਨਾਜਰ ਗੁਰਦਾਸਪੁਰ। | ਉਪਰੋਕਤ 04 ਡਿਸਪੈਚ ਸੈਂਟਰਾਂ ਤੋਂ ਜਾਣ ਵਾਲੇ ਕਰੀਬ 814 ਮਜਦੂਰਾਂ ਲਈ ਰੇਲਵੇ ਸਟੇਸ਼ਨ ਪਠਾਨਕੋਟ ਤੋਂ ਟਿਕਟਾਂ ਦਾ ਪ੍ਰਬੰਧ ਕਰਨਗੇ ਅਤੇ ਟਿਕਟਾਂ ਰੇਲਵੇ ਸਟੇਸ਼ਨ ਗੁਰਦਾਸਪੁਰ ਵਿਖੇ ਜਾਣ ਵਾਲੇ ਮਜਦੂਰਾਂ ਨੂੰ ਤਕਸੀਮ ਕਰਨ ਦੇ ਪੂਰੀ ਤਰਾਂ ਜਿਮੇਵਾਰ ਹੋਣਗੇ।ਜਿਲਾ ਵਿਕਾਸ ਤੇ ਪੰਚਾਇਤ ਅਫਸਰ ਲੋੜ ਅਨੁਸਾਰ ਲੋੜੀਂਦਾ ਸਟਾਫ ਆਪਣੇ ਪੱਧਰ ਤੇ ਤਾਇਨਾਤ ਕਰ ਸਕਦੇ ਹਨ। |

ਨੋਟ : ਇਸ ਸਾਰੇ ਪ੍ਰੋਗਰਾਮ ਦੇ ਆਵਰ ਆਲ ਇੰਚਾਰਜ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਅਤੇ ਜਿਲਾ ਨੋਡਲ ਅਫਸਰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਦਾਸਪੁਰ ਹੋਣਗੇ।ਉਪਰੋਕਤ ਸਾਰੇ ਅਧਿਕਾਰੀ/ਕਰਮਚਾਰੀ ਨੋਡਲ ਅਧਿਕਾਰੀ ਨਾਲ ਹਰ ਸਮੇਂ ਤਾਲਮੇਲ ਕਰਨਗੇ ਅਤੇ ਕੁਤਾਹੀ ਦੀ ਜਿਮੇਵਾਰੀ ਨਿਜੀ ਹੋਵੇਗੀ।

ਸਹੀ/-
ਸਹਾਇਕ ਕਮਿਸ਼ਨਰ (ਜ),
ਗੁਰਦਾਸਪੁਰ।

ਨੰ:9140-65/ਐਮ.ਏ ਮਿਤੀ 30.5.2020

ਇਸ ਦਾ ਇਕ ਉਤਾਰਾ:-

1 ਸੀਨੀਅਰ ਪੁਲਿਸ ਕਪਤਾਨ ਗੁਰਦਾਸਪੁਰ ਅਤੇ ਬਟਾਲਾ।
2 ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ।
3 ਜਿਲੇ ਦੇ ਸਮੂਹ ਉਪ ਮੰਡਲ ਮੈਜਿਸਟ੍ਰੇਟ।
4 ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਗੁਰਦਾਸਪੁਰ।
5 ਕਮਿਸ਼ਨਰ ਨਗਰ ਨਿਗਮ ਬਟਾਲਾ।
6 ਸਕੱਤਰ,ਰਿਜਨਲ ਟਰਾਂਸਪੋਰਟ ਅਥਾਰਟੀ ਗੁਰਦਾਸਪੁਰ।
7 ਕਾਰਜਕਾਰੀ ਇੰਜੀਨੀਅਰ,ਪੀ.ਡਬਲਯੂ.ਡੀ (ਬੀ.ਐਂਡ.ਆਰ) ਗੁਰਦਾਸਪੁਰ।
8 ਕਾਰਜਕਾਰੀ ਇੰਜੀਨੀਅਰ,ਪੀ.ਐਸ.ਪੀ.ਸੀ.ਐਲ,ਬਟਾਲਾ।
9 ਜਿਲਾ ਸਿੱਖਿਆ ਅਫਸਰ (ਸ) ਗੁਰਦਾਸਪੁਰ
10 ਜਿਲਾ ਮੰਡੀ ਅਫਸਰ ਗੁਰਦਾਸਪੁਰ।
11 ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਗੁਰਦਾਸਪੁਰ।
12 ਕਾਰਜਕਾਰੀ ਇੰਜੀਨੀਅਰ ਪਬਲਿਕ ਹੈਲਥ ਗੁਰਦਾਸਪੁਰ।
13 ਜਨਰਲ ਮੈਨੇਜਰ ਮਿਲਕ ਪਲਾਂਟ ਗੁਰਦਾਸਪੁਰ।
14 ਜਨਰਲ ਮੈਨੇਜਰ ਜਿਲਾ ਉਦਯੋਗ ਕੇਂਦਰ ਬਟਾਲਾ।
15 ਸਿਵਲ ਸਰਜਨ ਗੁਰਦਾਸਪੁਰ।
16 ਜਿਲਾ ਭਲਾਈ ਅਫਸਰ,ਗੁਰਦਾਸਪੁਰ।
17 ਜਿਲਾ ਲੋਕ ਸੰਪਰਕ ਅਫਸਰ ਗੁਰਦਾਸਪੁਰ।
18 ਕਾਰਜ ਸਾਧਕ ਅਫਸਰ, ਨਗਰ ਕੌਂਸਲ ਗੁਰਦਾਸਪੁਰ।
19 ਜਿਲਾ ਵਿਕਾਸ ਤੇ ਪੰਚਾਇਤ ਅਫਸਰ ਗੁਰਦਾਸਪੁਰ।
20 ਜਿਲਾ ਨਾਜਰ ਗੁਰਦਾਸਪੁਰ।

ਨੂੰ ਸੂਚਨਾਂ ਅਤੇ ਤੁਰੰਤ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

30/5/20

ਵਾ: ਡਿਪਟੀ ਕਮਿਸ਼ਨਰ,
ਗੁਰਦਾਸਪੁਰ।

Scanned with CamScanner